**ਦਫਤਰ ਚੋਣਕਾਰ ਰਜਿਸਟਰੇਸ਼ਨ ਅਫਸਰ**
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2023/272 ਮਿਤੀ:23/09/25

ਵਿਖੇ,

ਬੀ.ਐਲ.ਓ ਭਾਗ ਨੰ:56,57,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ,
ਬਠਿੰਡਾ

ਵਿਸ਼ਾ:- **Special Intensive Revision (S.I.R) w.r.t. 01.01.2026-regarding.**

ਉਪਰੋਕਤ ਵਿਸ਼ੇ ਸਬੰਧੀ ਇਸ ਦਫ਼ਤਰ ਅਧੀਨ ਭਾਗ ਨੰ: 55 ਤੇ ਕੰਮ ਕਰਦੇ ਬੀ.ਐਲ.ਓ ਸ੍ਰੀ ਬਲਤੇਜ ਸਿੰਘ ਵੱਲੋ ਪ੍ਰਤੀ ਬੇਨਤੀ ਪ੍ਰਾਪਤ ਹੋਈ ਹੈ ਕਿ ਉਨ੍ਹਾਂ ਵੱਲੋ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਬਠਿੰਡਾ (AIIMS,Batinda) ਤੋਂ ਮਿਤੀ: 11-09-2025 ਨੂੰ ਆਪਣੀ ਅੱਖ ਦਾ ਆਪ੍ਰੇਸ਼ਨ ਕਰਵਾਇਆ ਗਿਆ ਹੈ। ਜਿਸ ਕਰਕੇ ਉਨ੍ਹਾਂ ਨੂੰ ਡਾਕਟਰਾਂ ਨਿਗ੍ਹਾ ਦਾ ਕੰਮ ਕਰਨ ਤੋਂ ਮਨ੍ਹਾਂ ਕੀਤਾ ਗਿਆ ਹੈ। ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋ ਸਾਲ 2025 ਦੀਆਂ ਵੋਟਰ ਸੂਚੀਆਂ ਦਾ ਮਿਲਾਨ ਸਾਲ 2003 ਦੀਆਂ ਵੋਟਰ ਸੂਚੀਆਂ ਨਾਲ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਸ੍ਰੀ ਬਲਤੇਜ਼ ਸਿੰਘ ਬੀ.ਐਲ.ਓ ਭਾਗ ਨੰ: 55 ਵੱਲੋ ਉਕਤ ਅਨੁਸਾਰ ਵੋਟਾਂ ਦਾ ਮਿਲਾਨ ਨਹੀਂ ਕੀਤਾ ਜਾ ਸਕਦਾ। ਉਕਤ ਕੰਮ ਦੀ ਮਹੱਤਤਾ ਨੂੰ ਵੇਖਦੇ ਹੋਏ ਭਾਗ ਨੰ: 55 ਨੂੰ ਜਿਹੜਾ ਪੋਲਿੰਗ ਏਰੀਆ ਪੈਂਦਾ ਹੈ ਉਹ ਆਪ ਦੇ ਭਾਗ ਨੰ: 56 ਅਤੇ 57 ਦੇ ਨਾਲ ਲਗਦਾ ਹੋਣ ਕਰਕੇ ਆਪ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ ਕਿ ਆਪ ਉਨ੍ਹਾਂ ਦੇ ਭਾਗ ਅਧੀਨ ਪੈਂਦੀਆਂ ਸਾਲ 2025 ਦੀਆਂ ਵੋਟਰ ਸੂਚੀਆਂ ਦਾ ਮਿਲਾਨ ਸਾਲ 2003 ਦੀਆਂ ਵੋਟਰ ਸੂਚੀਆਂ ਨਾਲ ਮਿਤੀ: 24-09-2025 ਤੱਕ ਮੁਕੰਮਲ ਕੀਤਾ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ:273-274 ਮਿਤੀ:23/09/25

ਉਪਰੋਕਤ ਦਾ ਉਤਾਰਾ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ/ਸਕੈਂਡਰੀ), ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਦਫ਼ਤਰ ਅਧੀਨ ਕੰਮ ਕਰਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਨਿਮਨਹਤਸਾਖਰ ਦੇ ਦਫ਼ਤਰ ਅਧੀਨ ਬਤੌਰ ਬੀ.ਐਲ.ਓ ਭਾਗ ਨੰ: 56,57 ਤੇ ਲੱਗੀ ਹੋਈ ਹੈ ਨੂੰ ਅੱਜ ਮਿਤੀ: 23-09-2025 ਦਾ ਰਹਿੰਦਾ ਸਮਾਂ ਅਤੇ ਮਿਤੀ: 24-09-2025 ਨੂੰ ਸਕੂਲ/ਦਫ਼ਤਰੀ ਕੰਮ ਤੋਂ ਛੋਟ ਦਿੱਤੀ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 6491 ਮਿਤੀ 23/09/25

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ,ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

23/09/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ